ਨੰ: ਐਸ.ਸੀ.ਐਸ.ਪੀ-(ਖੋ.ਅ.1)-38(II)-2017/ 5223-50

**ਪੰਜਾਬ ਸਰਕਾਰ**

**ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ**

**(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)**

**ਐਸ.ਸੀ.ਓ.ਨੰ:149-152, ਸੈਕਟਰ 17-ਸੀ, ਚੰਡੀਗੜ੍ਹ**

**ਫੋਨ ਨੰ: 2707274, 2709274(ਫੈਕਸ), ਈ-ਮੇਲ dir.scsp@punjab.gov.in**

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/
ਪ੍ਰਬੰਧਕੀ ਸਕੱਤਰ (ਐਸ.ਸੀ.ਐਸ.ਪੀ. ਨਾਲ ਸੰਬਧਤ)।

ਮਿਤੀ: ਚੰਡੀਗੜ੍ਹ 27 ਸਤੰਬਰ, 2017

ਵਿਸ਼ਾ:- **ਰਾਜ ਦੇ ਗਤੀਸ਼ੀਲ ਅਤੇ ਇਕਸਾਰ ਵਿਕਾਸ ਲਈ ਪੰਜ ਸਾਲਾਂ ਵਿਕਾਸ ਰਣਨਿਤੀ (2017-22) ਅਤੇ ਦੋ ਸਾਲਾ ਪ੍ਰਥਮਤਾ ਅੰਜਡਾ (2017-19) ਦੇ ਦਸਤਾਵੇਜ ਤਹਿਤ ਅਨੁਸੂਚਿਤ ਜਾਤੀਆਂ ਦੇ ਸਰਵਪੱਖੀ ਵਿਕਾਸ ਸਬੰਧੀ ਵੱਖਰੀ ਸੂਚਨਾ ਸ਼ਾਮਲ ਕਰਨ ਬਾਬਤ।**

*****

ਉਪਰੋਕਤ ਵਿਸੇ ਸਬੰਧੀ ਯੋਜਨਾਬੰਦੀ ਵਿਭਾਗ ਦੇ ਅੰ.ਵਿ.ਪੱ. 1/98-ਪੀ.ਐਸ.ਪੀ.ਬੀ.-ਆਰ.ਓ.(ਪੀ.ਸੀ.)-ਨਿਤੀ ਆਯੋਗ/2017/2389-2429 ਮਿਤੀ 11-8-2017 ਦੇ ਹਵਾਲੇ ਵਿਚ।

2. ਹਵਾਲਾ ਅਧੀਨ ਪੱਤਰ ਦੀ ਮੰਗ ਅਨੁਸਾਰ ਆਪ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਵੱਲੋਂ ਰਾਜ ਦੇ ਗੱਤੀਸ਼ੀਲ ਅਤੇ ਇਕਸਾਰ ਵਿਕਾਸ ਲਈ ਪੰਜ ਸਾਲਾਂ ਵਿਕਾਸ ਰਣਨਿਤੀ (2017-22) ਅਤੇ ਦੋ ਸਾਲਾ ਪ੍ਰਥਮਤਾ ਅੰਜਡਾ (2017-19) ਸਬੰਧੀ ਦਸਤਾਵੇਜ ਤਿਆਰ ਕੀਤਾ ਜਾ ਰਿਹਾ ਹੈ। ਇਸ ਮੰਤਵ ਲਈ ਰਾਜ ਦੀ ਅਨੁਸੂਚਿਤ ਜਾਤੀ ਵਸੋਂ ਦੇ ਸਰਵ-ਪੱਖੀ ਵਿਕਾਸ ਦੀਆਂ ਲੋੜਾਂ/ਪ੍ਰਾਥਮਿਕਤਾਵਾਂ ਦੀ ਪੂਰਤੀ ਵੱਲ ਵੀ ਵਿਸ਼ੇਸ ਧਿਆਨ ਦੇਣ ਦੀ ਲੋੜ ਹੈ।

3. ਉਕਤ ਦੇ ਸਨਮੁੱਖ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਸਤਾਵੇਜ ਵਿਚ ਸ਼ਾਮਲ ਕੀਤੇ ਜਾ ਰਹੇ ਵਿਕਾਸ ਪ੍ਰੋਗਰਾਮਾਂ ਦੇ ਟੀਚਿਆਂ ਵਿਚ ਅਨੁਸੂਚਿਤ ਜਾਤੀ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਸਿੱਖਿਅਕ ਵਿਕਾਸ ਲਈ ਹੇਠ ਨੋਟ ਪਹਿਲੂਆਂ ਦੇ ਸਨਮੁੱਖ ਤਰਕਸੰਗਤ ਆਧਾਰ ਤੇ ਟੀਂਚੇ ਨਿਰਧਾਰਿਤ ਕਰਨ ਉਪਰੰਤ ਇਸ ਸੂਚਨਾ ਨੂੰ ਸਬੰਧਤ ਦਸਤਾਵੇਜ ਵਿਚ ਵੱਖਰੇ ਤੋਰ ਤੇ ਦਰਸਾਉਣ ਦੀ ਖੇਚਲ ਕੀਤੀ ਜਾਵੇ ਜੀ:-

(i) ਪੰਜਾਬ ਵਿਚ ਅਨੁਸੂਚਿਤ ਜਾਤੀ ਵਸੋਂ ਕੁੱਲ ਵਸੋਂ ਦਾ 31.94% ਹੈ (ਅਨੁਸੂਚਿਤ ਜਾਤੀਆਂ ਸਬੰਧੀ ਡਾਟਾ ਇਸ ਵਿਭਾਗ ਦੀ ਵੈਬ ਸਾਇਟ www.welfarepunjab.gov.in. ਦੇ ਸੈਕਸ਼ਨ Directorate of SCSP ਹੇਠ Statistics about SC population in Punjab ਲਿੰਕ ਤਹਿਤ ਉਪਲੱਬਧ ਹੈ)।

(ii) ਰਾਜ ਦੇ ਵਿਕਾਸ ਪ੍ਰੋਗਰਾਮਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਵੱਧ ਤੋਂ ਵੱਧ ਨਵੇਕਲੇ (Exclusive) ਵਿਕਾਸ ਪ੍ਰੋਗਰਾਮਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

(iii) ਵਿਦਿਅਕ ਸੰਸਥਾਵਾਂ ਵਿਚ ਦਾਖਲੇ ਅਤੇ ਰੋਜਗਾਰ ਮੁਹੱਈਆ ਕਰਵਾਉਣ ਦੀ ਰਣਨਿਤੀ/ ਅਜੰਡੇ ਵਿਚ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਪਾਲਿਸੀ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

(iv) ਦਿਹਾਤੀ ਖੇਤਰ ਵਿਚ ਬੁਨਿਆਦੀ ਢਾਂਚਾ ਸਹੂਲਤਾਂ ਨਾਲ ਸਬੰਧਤ ਵਿਕਾਸ ਪ੍ਰੋਗਰਾਮਾਂ ਹੇਠ 40% ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀ ਵਸੋਂ ਵਾਲੇ ਪਿੰਡਾਂ ਨੂੰ ਪਹਿਲਤਾ ਦੇ ਆਧਾਰ ਤੇ ਕਵਰ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਪਿੰਡਾਂ ਦੀ ਸੂਚੀ ਉਕਤ ਲੜੀ ਨੰ (i) ਤੇ ਦਰਸਾਏ ਵੈਬ ਲਿੰਕ ਤੇ ਉਪਲਬੱਧ ਹੈ।

(v) ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਲਈ ਵਿਕਾਸ ਪ੍ਰੋਗਰਾਮਾਂ ਤਹਿਤ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ ਬੀ.ਪੀ.ਐਲ ਜਣਗਣਨਾ ਵਿਚ ਅਨੁਸੂਚਿਤ ਜਾਤੀਆਂ ਦੇ ਅਨੁਪਾਤ ਦੇ ਬਰਾਬਰ ਕਵਰ ਕੀਤਾ ਜਾਣਾ ਚਾਹੀਦਾ ਹੈ।

3. ਉਕਤ ਅਨੁਸਾਰ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਵਿਚ ਤਿਆਰ ਕਰਕੇ ਇਸ ਵਿਭਾਗ ਨੂੰ ਮਿਤੀ 10-10-2017 ਤੱਕ ਭਿਜਵਾਉਣ (ਸਮੇਤ ਸਾਫਟ ਕਾਪੀ ਈ-ਮੇਲ dir.scsp@punjab.gov.in) ਅਤੇ ਇਸ ਸੂਚਨਾ ਨੂੰ ਵਿਸ਼ੇ ਅਧੀਨ ਦਸਤਾਵੇਜ ਵਿਚ ਵੀ ਸ਼ਾਮਲ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ।

ਵਿਸ਼ਵਾਸਪਾਤਰ

(ਆਰ.ਵੈਂਕਟ ਰਤਨਮ,ਆਈ.ਏ.ਐਸ.)
ਪ੍ਰਮੁੱਖ ਸਕੱਤਰ ਭਲਾਈ

ਪਿੱਠਅੰਕਣ ਨੰ ਐਸ.ਸੀ.ਐਸ.ਪੀ-(ਖੋ.ਅ.1)-38(II)-2017/5251 ਮਿਤੀ 27 ਸਤੰਬਰ, 2017

ਉਪਰੋਕਤ ਦਾ ਇਕ ਉਤਾਰਾ ਸਮੇਤ ਸਹਿ ਪੱਤਰ ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ, ਯੋਜਨਾਬੰਦੀ ਵਿਭਾਗ ਨੂੰ ਉਹਨਾਂ ਦੇ ਪਿੱਠਅੰਕਣ ਨੰ 1/98-ਪੀ.ਐਸ.ਪੀ.ਬੀ.-ਆਰ.ਓ.(ਪੀ.ਸੀ.)-ਨਿਤੀ ਆਯੋਗ/2017/2430 ਮਿਤੀ 11-8-2017 ਦੇ ਹਵਾਲੇ ਵਿਚ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ (ਐਸ.ਸੀ.ਐਸ.ਪੀ.-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ ਐਸ.ਸੀ.ਐਸ.ਪੀ-(ਖੋ.ਅ.1)-38(II)-2017/5252- ਮਿਤੀ 27 ਸਤੰਬਰ, 2017

ਉਪਰੋਕਤ ਦਾ ਇਕ ਉਤਾਰਾ ਸਮੇਤ ਸਹਿ ਪੱਤਰ ਡਾਇਰੈਕਟਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ ਨੂੰ ਯੋਜਨਾਬੰਦੀ ਵਿਭਾਗ ਦੇ ਪਿੱਠਅੰਕਣ ਨੰ 1/98-ਪੀ.ਐਸ.ਪੀ.ਬੀ.-ਆਰ.ਓ.(ਪੀ.ਸੀ.)-ਨਿਤੀ ਆਯੋਗ/2017/2430 ਮਿਤੀ 11-8-2017 ਦੇ ਹਵਾਲੇ ਵਿਚ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ (ਐਸ.ਸੀ.ਐਸ.ਪੀ.-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ ਐਸ.ਸੀ.ਐਸ.ਪੀ-(ਖੋ.ਅ.1)-38(II)-2017/5253-5310 ਮਿਤੀ 27 ਸਤੰਬਰ, 2017

ਉਪਰੋਕਤ ਦਾ ਇਕ ਉਤਾਰਾ ਸਮੇਤ ਸਹਿ ਪੱਤਰ ਐਸ.ਸੀ.ਐਸ.ਪੀ ਨਾਲ ਸਬੰਧਤ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ, ਯੋਜਨਾਬੰਦੀ ਵਿਭਾਗ ਦੇ ਪਿੱਠਅੰਕਣ ਨੰ 1/98-ਪੀ.ਐਸ.ਪੀ.ਬੀ.-ਆਰ.ਓ.(ਪੀ.ਸੀ.)-ਨਿਤੀ ਆਯੋਗ/2017/2430 ਮਿਤੀ 11-8-2017 ਦੇ ਹਵਾਲੇ ਵਿਚ, ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਦੇ ਗੱਤੀਸ਼ੀਲ ਅਤੇ ਇਕਸਾਰ ਵਿਕਾਸ ਲਈ ਪੰਜ ਸਾਲਾਂ ਵਿਕਾਸ ਰਣਨਿਤੀ (2017-22) ਅਤੇ ਦੋ ਸਾਲਾਂ ਪ੍ਰਥਮਤਾ ਅੰਜੜਾ (2017-19) ਸਬੰਧੀ ਦਸਤਾਵੇਜ ਲਈ, ਅਨੁਸੂਚਿਤ ਜਾਤੀਆਂ ਦੇ ਸਰਵਪੱਖੀ ਵਿਕਾਸ ਸਬੰਧੀ ਨਿਰਧਾਰਿਤ ਪ੍ਰਫਾਰਮੇ ਵਿਚ ਵੱਖਰੀ ਸੂਚਨਾ ਤਿਆਰ ਕਰਕੇ ਇਸ ਵਿਭਾਗ ਨੂੰ ਮਿਤੀ 10.10.2017 ਤੱਕ ਭੇਜਣੀ (ਸਮੇਤ ਸਾਫਟ ਕਾਪੀ ਈ.ਮੇਲ dir.scsp@punjab.gov.in) ਯਕੀਨੀ ਬਣਾਈ ਜਾਵੇ ਅਤੇ ਇਸ ਸੂਚਨਾ ਨੂੰ ਦਸਤਾਵੇਜ ਵਿਚ ਵੱਖਰੇ ਤੋਰ ਤੇ ਦਰਸਾਉਣ ਦੀ ਵੀ ਖੇਚਲ ਕੀਤੀ ਜਾਵੇ। ਇਹ ਪੱਤਰ ਅਤੇ ਪ੍ਰਫਾਰਮਾ (Excel format) ਵੈਬ ਸਾਇਟ www.welfarepunjab.gov.in. ਦੇ ਸੈਕਸ਼ਨ Directorate of SCSP ਤਹਿਤ Recent Notifications/Meetings/Letters ਲਿੰਕ ਹੇਠ ਵੀ ਉਪਲੱਬਧ ਹੈ।

ਡਾਇਰੈਕਟਰ (ਐਸ.ਸੀ.ਐਸ.ਪੀ.-ਕਮ-ਸੰਯੁਕਤ ਸਕੱਤਰ

RO-1.doc

## Five Year Strategy and Two Year Priority Agenda: Punjab

| Format (Part 1): As prescribed by the Department of Planning | | | | | | | | | |
|---|---|---|---|---|---|---|---|---|---|
| SN | Name of Development Programme(s) | Indicators | Unit | Base line (Present Status) | | Targets for Two Year Priority Agenda | | Target for Five Year Development Strategy | Strategy to achieve the targets |
| | | | | State | GoI | 2017-18 | 2018-19 | 2017-22 | |
| 1 | 2 | 3 | 4 | 5 | 6 | 7 | 8 | 9 | 10 |

(Units: Financial-Rs. in lac, Physical-As per Col.4)

| | | Format(Part-2): As prepared by the Directorate of SCSP | | | | | | | |
|---|---|---|---|---|---|---|---|---|---|
| SN | Name of Development Programme(s) | Whether the Programme under Col. 2 is a beneficiary Oriented programme? (Y/N) | Targets for two year Priority Agenda for Scheduled Castes out of Col 7 & Col. 8 | | | | Target for Five Year Development Strategy for Scheduled Castes out of col. 9 | | Strategy to achieve the targets under Col. 12 to Col. 17 |
| | | | 2017-18 (out of Col.7) | | 2018-19 (out of Col.8) | | 2017-22 | | |
| | | | Financial | Physical | Financial | Physical | Financial | Physical | |
| 1 | 2 | 11 | 12 | 13 | 14 | 15 | 16 | 17 | 18 |